

# ਓਨਟਾਰੀਓ ਨੂੰ ਉੱਪਰ ਚੁੱਕਣ

Ontario

2015 ਓਨਟਾਰੀਓ ਬਜਟ

ਬਜਟ 2015:

# ਓਨਟਾਰੀਓ ਨੂੰ ਉੱਪਰ ਚੁੱਕਣਾ

ONTARIO.CA/BUDGET 'ਤੇ ਹੋਰ ਜਾਣਕਾਰੀ ਲਵੋ

ਇਹ ਯਕੀਨੀ ਬਣਾਉਣ ਲਈ ਕਿ ਬਚਪਨ ਤੋਂ ਲੈ ਕੇ ਰਿਟਾਇਰਮੈਂਟ ਤਕ ਇਹ ਸੂਬਾ ਰਹਿਣ ਲਈ ਬਿਹਤਰੀਨ ਜਗ੍ਹਾ ਹੋਵੇ, ਅਤੇ ਜਿੱਥੇ ਹਰੇਕ ਵਿਅਕਤੀ ਕੋਲ ਆਪਣੀ ਪੂਰੀ ਸਮਰੱਥਾ ਨੂੰ ਸਾਕਾਰ ਕਰਨ ਦਾ ਮੌਕਾ ਹੋਵੇ, ਓਨਟਾਰੀਓ ਕੋਲ ਚਾਰ-ਭਾਗ ਵਾਲੀ ਯੋਜਨਾ ਹੈ।

ਯੋਜਨਾ ਲੋਕਾਂ ਦੀਆਂ ਪ੍ਰਤਿਭਾਵਾਂ ਅਤੇ ਹੁਨਰਾਂ ਵਿੱਚ ਨਿਵੇਸ਼ ਕਰਦੀ ਹੈ; ਸੜਕਾਂ ਅਤੇ ਰੋਜ਼ਾਨਾ ਆਵਾਜਾਈ ਵਰਗੇ ਜਨਤਕ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਦੀ ਹੈ; ਨਿਵੇਕਲਾ, ਗਤੀਸ਼ੀਲ ਕਾਰੋਬਾਰੀ ਮਾਹੌਲ ਬਣਾਉਂਦੀ ਹੈ; ਅਤੇ ਇਹ ਯਕੀਨੀ ਬਣਾਉਣ ਲਈ ਨਵੀਂ ਰਿਟਾਇਰਮੈਂਟ ਪੈਨਸ਼ਨ ਯੋਜਨਾ ਬਣਾਉਂਦੀ ਹੈ ਕਿ ਓਨਟਾਰੀਓ ਕਰਮਚਾਰੀਆਂ ਕੋਲ ਸੁਰੱਖਿਅਤ ਰਿਟਾਇਰਮੈਂਟ ਆਮਦਨ ਆਧਾਰ ਹੋਵੇ।

2014-15 ਲਈ ਘਾਟੇ ਦਾ ਅਨੁਮਾਨ ਹੁਣ $10.9 ਬਿਲੀਅਨ ਤਕ ਲਗਾਇਆ ਜਾ ਰਿਹਾ ਹੈ — ਜੋ ਕਿ 2014 ਦੇ ਬਜਟ ਲਈ ਅਨੁਮਾਨ ਦੀ ਤੁਲਨਾ ਵਿੱਚ $1.6 ਬਿਲੀਅਨ ਦਾ ਸੁਧਾਰ ਹੈ। ਅਜਿਹੇ ਪ੍ਰੋਗਰਾਮਾਂ ਅਤੇ ਅਹਿਮ ਜਨਤਕ ਸੇਵਾਵਾਂ, ਜਿਹਨਾਂ 'ਤੇ ਲੋਕ ਨਿਰਭਰ ਕਰਨ, ਦੀ ਪ੍ਰਦਾਨਗੀ ਲਈ ਸਿਆਣਪ ਭਰੇ ਅਤੇ ਬਿਹਤਰ ਰਸਤੇ ਲੱਭਣ ਲਈ ਦੂਰਦਰਸ਼ਤਾ ਵਾਲੇ ਵਿੱਤੀ ਪ੍ਰਬੰਧ ਅਤੇ ਕਾਰਵਾਈਆਂ ਦੇ ਨਾਲ, ਓਨਟਾਰੀਓ 2017-18 ਤਕ ਘਾਟੇ ਨੂੰ ਖਤਮ ਕਰਨ ਲਈ ਵਚਨਬੱਧ ਹੈ।

*2015 ਦਾ ਓਨਟਾਰੀਓ ਬਜਟ* ਨੌਕਰੀਆਂ ਪੈਦਾ ਕਰਨ, ਮੌਕੇ ਦਾ ਵਿਸਤਾਰ ਕਰਨ ਅਤੇ ਸਾਰੇ ਓਨਟਾਰੀਓ ਵਾਸੀਆਂ ਲਈ ਖੁਸ਼ਹਾਲੀ ਨੂੰ ਪੱਕਾ ਕਰਨ ਵਾਲੇ ਤਰਜੀਹੀ ਨਿਵੇਸ਼ਾਂ ਜ਼ਰੀਏ ਓਨਟਾਰੀਓ ਨੂੰ ਉੱਪਰ ਉਠਾਉਣ ਲਈ ਹੈ।

# ਬੁਨਿਆਦੀ ਢਾਂਚਾ: ਓਨਟਾਰੀਓ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਨਿਵੇਸ਼

ਓਨਟਾਰੀਓ 10 ਸਾਲਾਂ ਦੌਰਾਨ ਜਨਤਕ ਬੁਨਿਆਦੀ ਢਾਂਚੇ ਵਿੱਚ $130 ਬਿਲੀਅਨ ਤੋਂ ਵੀ ਵੱਧ ਲਾਜਵਾਬ ਨਿਵੇਸ਼ ਕਰ ਰਿਹਾ ਹੈ। ਸਰਕਾਰ ਦੀ ਸੰਪਤੀ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਯੋਜਨਾ ਤੋਂ ਅਨੁਮਾਨ ਨਾਲੋਂ ਵੱਧ ਆਮਦਨ ਹੋਣ ਕਾਰਨ, ਸੂਬਾ ਓਨਟਾਰੀਓ ਨੂੰ ਅੱਗੇ ਲਿਜਾਉਣਾ (Moving Ontario Forward) ਲਈ ਸਮਰਪਿਤ ਫੰਡਾਂ ਵਿੱਚ $2.6 ਬਿਲੀਅਨ ਤਕ ਵਾਧਾ ਕਰ ਰਿਹਾ ਹੈ, ਜੋ ਅਗਲੇ 10 ਸਾਲਾਂ ਦੌਰਾਨ ਕੁੱਲ $31.5 ਬਿਲੀਅਨ ਹੈ:

- ਗ੍ਰੇਟਰ ਟੋਰਾਂਟੋ ਅਤੇ ਹੈਮਿਲਟਨ ਏਰੀਆ [Greater Toronto and Hamilton Area - (GTHA)] ਅੰਦਰ ਟ੍ਰਾਂਜ਼ਿਟ ਪ੍ਰੋਜੈਕਟਾਂ ਵਿੱਚ ਲਗਭਗ $16 ਬਿਲੀਅਨ; ਅਤੇ
- GTHA ਤੋਂ ਬਾਹਰ ਆਵਾਜਾਈ ਅਤੇ ਬੁਨਿਆਦੀ ਢਾਂਚੇ ਦੇ ਹੋਰ ਤਰਜੀਹੀ ਪ੍ਰੋਜੈਕਟਾਂ ਵਿੱਚ ਲਗਭਗ $15 ਬਿਲੀਅਨ।

2015-16 ਵਿੱਚ, ਓਨਟਾਰੀਓ ਸੜਕਾਂ, ਪੁੱਲਾਂ, ਜਨਤਕ ਆਵਾਜਾਈ, ਵਾਟਰ ਸਿਸਟਮਾਂ, ਹਸਪਤਾਲਾਂ, ਅਤੇ ਸਕੂਲਾਂ ਵਰਗੇ ਬੁਨਿਆਦੀ ਢਾਂਚੇ ਵਿੱਚ $11.9 ਬਿਲੀਅਨ ਦਾ ਨਿਵੇਸ਼ ਕਰਨ ਦੀ ਯੋਜਨਾ ਬਣਾ ਰਿਹਾ ਹੈ ਜੋ ਨੌਕਰੀਆਂ ਪੈਦਾ ਕਰੇਗਾ ਅਤੇ ਅਰਥ-ਵਿਵਸਥਾ ਨੂੰ ਪ੍ਰੋਤਸਾਹਿਤ ਕਰੇਗਾ।

ਸਰਕਾਰ ਓਨਟਾਰੀਓ ਦੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ, ਸੂਬਾਈ ਸੰਪਤੀਆਂ ਦੇ ਮੁੱਲ ਦੀ ਵਰਤੋਂ ਕਰਨ ਅਤੇ ਜਨਤਕ ਆਵਾਜਾਈ, ਢੋਆ-ਢੁਆਈ ਅਤੇ ਬੁਨਿਆਦੀ ਢਾਂਚੇ ਦੇ ਹੋਰ ਤਰਜੀਹੀ ਪ੍ਰੋਜੈਕਟਾਂ ਵਿੱਚ ਟ੍ਰੀਲੀਅਮ ਟ੍ਰਸਟ (Trillium Trust) ਜ਼ਰੀਏ ਨਿਰੋਲ ਆਮਦਨ ਨੂੰ ਮੁੜ ਤੋਂ ਨਿਵੇਸ਼ ਕਰਨ ਦੀ ਯੋਜਨਾ ਨਾਲ ਅੱਗੇ ਵੱਧ ਰਹੀ ਹੈ। ਯੋਜਨਾ ਵਿੱਚ ਸ਼ਾਮਲ ਹੈ:

- ਸਥਾਈ ਜਨਤਕ ਫਾਇਦਿਆਂ ਅਤੇ ਜਾਰੀ ਜਨਤਕ ਸੁਰੱਖਿਆਵਾਂ ਨੂੰ ਬਣਾਉਣ ਲਈ Hydro One ਦੀ ਮਲਕੀਅਤ ਦਾ ਵਿਸਤਾਰ ਕਰਨਾ।
- ਪ੍ਰਮੁੱਖ-ਸਥਾਨਾਂ 'ਤੇ ਸਥਿਤ ਅਨੇਕਾਂ ਜ਼ਮੀਨੀ ਸੰਪਤੀਆਂ ਦੀ ਵੇਚ ਲਈ ਸਮੀਖਿਆ ਕਰਨੀ।

# ਨੌਕਰੀਆਂ ਪੈਦਾ ਕਰਨ ਲਈ ਕਾਰੋਬਾਰ ਨਾਲ ਭਾਈਵਾਲੀ ਕਰਨੀ

ਫਾਇਦੇਮੰਦ ਅਤੇ ਵੱਧ-ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ ਅਤੇ ਸਫਲ ਹੋਣ ਅਤੇ ਅੱਗੇ ਵਧਣ ਵਿੱਚ ਓਨਟਾਰੀਓ ਦੇ ਕਾਰੋਬਾਰਾਂ ਦੀ ਮਦਦ ਲਈ, ਸੂਬਾ:

- ਹੋਰ ਕਾਰੋਬਾਰੀ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਲਈ ਨੌਕਰੀਆਂ ਅਤੇ ਖੁਸ਼ਹਾਲੀ ਫੰਡ (Jobs and Prosperity Fund) ਵਿੱਚ $200 ਮਿਲੀਅਨ ਦਾ ਵਾਧੂ ਨਿਵੇਸ਼ ਕਰ ਰਿਹਾ ਹੈ ਜੋ ਨਵੀਨੀਕਰਨ ਨੂੰ ਪ੍ਰੇਰਿਤ ਕਰੇਗਾ ਅਤੇ ਨੌਕਰੀਆਂ ਪੈਦਾ ਕਰੇਗਾ, ਜੋ 10 ਸਾਲਾਂ ਦੌਰਾਨ ਕੁੱਲ $2.7 ਬਿਲੀਅਨ ਬਣ ਜਾਵੇਗਾ, ਅਤੇ ਜੰਗਲਾਤ ਖੇਤਰ ਲਈ ਯੋਗਤਾ ਦਾ ਵਿਸਤਾਰ ਕਰੇਗਾ।
- ਨਵੀਆਂ ਨਵੀਨੀਕਰਨ ਪਹਿਲਕਦਮੀਆਂ ਨੂੰ ਪੈਦਾ ਕਰਨ ਲਈ ਭਾਗ ਲੈ ਰਿਹਾ ਹੈ ਜੋ ਸੀਨੀਅਰ ਕਾਰੋਬਾਰੀ ਆਗੂਆਂ ਦੇ ਤਜਰਬੇਕਾਰ ਸਮੂਹ ਨੂੰ ਇਕੱਠਾ ਕਰਨਗੀਆਂ ਜੋ ਓਨਟਾਰੀਓ ਦੇ ਨਵੇਂ ਕੰਮਾਂ ਦਾ ਆਕਾਰ ਵਧਾਉਣ ਵਿੱਚ ਮਦਦ ਲਈ ਆਪਣੀ ਪੂੰਜੀ, ਗਿਆਨ ਅਤੇ ਨੈਟਵਰਕ ਲਿਆਉਣਗੇ।
- ਜਾਰੀ ਰੱਖਦੇ ਹੋਏ, ਮਾਰਚ 2016 ਤੋਂ ਵੀ ਅਗਾਂਹ, ਯੋਗਤਾ ਪੂਰੀਆਂ ਕਰਨ ਵਾਲੇ ਵੱਡੇ ਉੱਤਰੀ ਉਦਯੋਗਿਕ ਸਹੂਲਤਾਂ ਲਈ ਬਿਜਲੀ ਕੀਮਤ ਵਿੱਚ ਸਹਾਇਤਾ, ਜੋ ਨੌਕਰੀਆਂ ਅਤੇ ਕੌਮਾਂਤਰੀ ਪ੍ਰਤੀਯੋਗਤਾ ਨੂੰ ਬਰਕਰਾਰ ਰੱਖਦੀ ਹੈ।
- ਖੇਤਰੀ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਲਈ ਕਿਊਬੇਕ ਨਾਲ ਕੰਮ ਕਰ ਰਿਹਾ ਹੈ।

# ਬੇਹਦ ਹੁਨਰਮੰਦ ਕਿਰਤ-ਸ਼ਕਤੀ ਦਾ ਵਿਕਾਸ ਕਰਨਾ

ਸੂਬਾ ਅੱਗੇ ਦਿੱਤੀਆਂ ਗੱਲਾਂ ਰਾਹੀਂ ਅੱਜ ਲੋਕਾਂ ਵਿੱਚ ਨਿਵੇਸ਼ ਕਰ ਰਿਹਾ ਹੈ ਅਤੇ ਓਨਟਾਰੀਓ-ਵਾਸੀਆਂ ਦੀ ਸਹਾਇਤਾ ਕਰ ਰਿਹਾ ਹੈ ਜਿਸਦੀ ਉਹਨਾਂ ਨੂੰ ਕੱਲ੍ਹ ਦੀ ਮਜ਼ਬੂਤ ਅਰਥ-ਵਿਵਸਥਾ ਬਣਾਉਣ ਵਾਸਤੇ ਸਹੀ ਹੁਨਰਾਂ ਅਤੇ ਸਹੀ ਨੌਕਰੀਆਂ ਪ੍ਰਾਪਤ ਕਰਨ ਲਈ ਲੋੜ ਹੈ:

- ਤਜਰਬੇ-ਅਧਾਰਤ ਪੜ੍ਹਾਈ ਦੇ ਪ੍ਰਯੋਗਿਕ ਪ੍ਰੋਗਰਾਮਾਂ ਵਰਗੀਆਂ ਨਵੀਨਤਾਵਾਂ ਨਾਲ, ਪ੍ਰੀਸਕੂਲ ਅਤੇ ਪੂਰੇ ਦਿਨ ਦੇ ਕਿੰਡਰਗਾਰਟਨ ਤੋਂ ਲੈ ਕੇ ਸੈਕੰਡਰੀ ਤੋਂ ਬਾਅਦ ਦੀ ਸਿੱਖਿਆ ਅਤੇ ਵਪਾਰਕ ਸਿਖਲਾਈ ਪ੍ਰੋਗਰਾਮਾਂ ਤਕ, ਸਿੱਖਿਆ ਅਤੇ ਹੁਨਰ ਸਿਖਲਾਈ ਵਿੱਚ ਸੁਧਾਰ ਜਾਰੀ ਰੱਖਣਾ।
- ਅਗਲੇ ਦੋ ਸਾਲਾਂ ਦੌਰਾਨ ਓਨਟਾਰੀਓ ਦੇ ਨੌਜਵਾਨਾਂ ਲਈ ਨੌਕਰੀਆਂ ਦੀ ਰਣਨੀਤੀ (Ontario Youth Jobs Strategy) ਵਿੱਚ $250 ਦਾ ਵਾਧੂ ਨਿਵੇਸ਼ ਕਰਨਾ, ਅਤੇ ਇਸ ਤਰ੍ਹਾਂ ਨੌਜਵਾਨਾਂ ਦੇ ਰੁਜ਼ਗਾਰ ਪ੍ਰੋਗਰਾਮਾਂ ਵਿੱਚ ਕੁੱਲ ਨਿਵੇਸ਼ ਨੂੰ $565 ਮਿਲੀਅਨ ਤੋਂ ਵੀ ਜ਼ਿਆਦਾ ਕਰਨਾ।
- ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਨੂੰ ਮਜ਼ਬੂਤ ਕਰਨ ਲਈ ਓਨਟਾਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ (Ontario Student Assistance Program) ਦਾ ਆਧੁਨਿਕੀਕਰਨ ਕਰਨਾ।

# ਇੱਕ ਨਿਆਂ-ਸੰਗਤ ਸਮਾਜ: ਓਨਟਾਰੀਓ ਵਿੱਚ ਰਹਿਣਾ ਅਤੇ ਕੰਮ ਕਰਨਾ

ਕਿਉਂਕਿ ਖੁਸ਼ਿਆਲ ਸਮਾਜ ਪ੍ਰਾਪਤ ਕਰਨ ਦਾ ਸਭ ਤੋਂ ਪੱਕਾ ਤਰੀਕਾ ਇਹ ਯਕੀਨੀ ਬਣਾਉਣ ਦੇ ਰਾਹੀਂ ਹੈ ਕਿ ਓਨਟਾਰੀਓ ਵਾਸੀਆਂ ਕੋਲ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਲਈ ਲੋੜੀਂਦੀ ਸਹਾਇਤਾ ਅਤੇ ਮੌਕੇ ਹੋਣ, ਇਸ ਲਈ ਸੂਬਾ:

- ਓਨਟਾਰੀਓ ਵਰਕਸ (Ontario Works) ਦੇ ਬਾਲਗ ਪ੍ਰਾਪਤਕਰਤਾਵਾਂ ਲਈ ਅਤੇ ਓਨਟਾਰੀਓ ਅਸਮਰੱਥਾ ਸਹਾਇਤਾ ਪ੍ਰੋਗਰਾਮ (Ontario Disability Support Program) ਬੈਨਿਫਿਟ ਪ੍ਰਾਪਤ ਕਰਨ ਵਾਲੇ ਅਸਮਰਥ ਲੋਕਾਂ ਲਈ ਓਨਟਾਰੀਓ ਦੀ ਸਮਾਜਿਕ ਸਹਾਇਤਾ ਦੀਆਂ ਦਰਾਂ ਵਿੱਚ ਇੱਕ ਫੀਸਦੀ ਦਾ ਹੋਰ ਵਾਧਾ ਕਰ ਰਿਹਾ ਹੈ। ਸਭ ਤੋਂ ਘੱਟ ਆਮਦਨੀਆਂ ਵਾਲੇ ਲੋਕ, ਓਨਟਾਰੀਓ ਵਰਕਸ (Ontario Works) ਦੇ ਬੱਚਿਆਂ ਦੇ ਬਿਨਾਂ ਇਕੱਲੇ ਬਾਲਗ, ਵਾਧੂ ਟੌਪ-ਅਪ ਪ੍ਰਾਪਤ ਕਰਨਗੇ।
- ਨੌਜਵਾਨਾਂ ਲਈ ਕਾਰਵਾਈ ਯੋਜਨਾ (Youth Action Plan) ਦੇ ਅਗਲੇ ਪੜਾਅ ਨੂੰ ਲਾਗੂ ਕਰ ਰਿਹਾ ਹੈ - ਇਹ ਇੱਕ ਸਲਾਨਾ ਨਿਵੇਸ਼ ਹੈ ਜੋ 2015-16 ਵਿੱਚ $14 ਮਿਲੀਅਨ ਤੋਂ ਸ਼ੁਰੂ ਹੁੰਦਾ ਹੈ ਅਤੇ 2016-17 ਵਿੱਚ ਲਗਭਗ $21 ਮਿਲੀਅਨ ਤਕ ਵੱਧ ਜਾਂਦਾ ਹੈ - ਜਿਸ ਦਾ ਉਦੇਸ਼ ਮੁਸ਼ਕਲਾਂ ਦਾ ਸਹਮਣਾ ਕਰ ਰਹੇ ਨੌਜਵਾਨਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨਾ ਹੈ।
- *ਇਹ ਕਦੇ ਵੀ ਠੀਕ ਨਹੀਂ ਹੁੰਦਾ: ਜਿਨਸੀ ਹਿੰਸਾ ਅਤੇ ਉਤਪੀੜਨ ਨੂੰ ਰੋਕਣ ਲਈ ਇੱਕ ਕਾਰਵਾਈ ਯੋਜਨਾ (It's Never Okay: An Action Plan to Stop Sexual Violence and Harassment)* ਦੇ ਰਾਹੀਂ ਜਿਨਸੀ ਹਿੰਸਾ ਅਤੇ ਉਤਪੀੜਨ ਨੂੰ ਰੋਕ ਰਿਹਾ ਹੈ ਅਤੇ ਬਚੇ ਹੋਏ ਲੋਕਾਂ ਲਈ ਸਹਾਇਤਾ ਵਿੱਚ ਸੁਧਾਰ ਕਰ ਰਿਹਾ ਹੈ।
- ਪ੍ਰਤੀ ਸਾਲ ਔਸਤਨ ਪੰਜ ਪ੍ਰਤਿਸ਼ਤ ਤਕ, ਜਾਂ ਅਗਲੇ ਤਿੰਨ ਸਾਲਾਂ ਦੌਰਾਨ $750 ਮਿਲੀਅਨ ਤੋਂ ਵੀ ਵੱਧ ਨਿਵੇਸ਼ਾਂ ਵਿੱਚ ਵਾਧਾ ਕਰਕੇ ਘਰੇਲੂ ਅਤੇ ਭਾਈਚਾਰਕ ਦੇਖਭਾਲ ਸੇਵਾਵਾਂ ਵਿੱਚ ਸੁਧਾਰ ਕਰ ਰਿਹਾ ਹੈ।
- ਕੰਮ ਵਾਲੀ ਥਾਂ ਦੀਆਂ ਪੈਨਸ਼ਨ ਯੋਜਨਾਵਾਂ ਨੂੰ ਮਜ਼ਬੂਤ ਬਣਾਉਣ ਅਤੇ 2017 ਵਿੱਚ ਓਨਟਾਰੀਓ ਰਿਟਾਇਰਮੈਂਟ ਪੈਨਸ਼ਨ ਯੋਜਨਾ (Ontario Retirement Pension Plan) ਦੀ ਸ਼ੁਰੂਆਤ ਕਰਨ ਵਿੱਚ ਅੱਗੇ ਵੱਧ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਉਣ ਲਈ ਮਦਦ ਮਿਲ ਸਕੇ ਕਿ ਕੰਮਕਾਜੀ ਓਨਟਾਰੀਓ ਵਾਸੀਆਂ ਦਾ ਰਿਟਾਇਰਮੈਂਟ ਭਵਿੱਖ ਜ਼ਿਆਦਾ ਸੁਰੱਖਿਅਤ ਹੋਵੇ।

# ਜ਼ਿੰਮੇਵਾਰੀ ਦਾ ਪ੍ਰਬੰਧਨ ਕਰਨਾ

ਓਨਟਾਰੀਓ ਅਜਿਹੇ ਨਿਵੇਸ਼ਾਂ ਨੂੰ ਜਾਰੀ ਰੱਖਦੇ ਹੋਏ ਖਰਚੇ ਜਾਂਦੇ ਹਰੇਕ ਡਾਲਰ ਦਾ ਵੱਧ ਤੋਂ ਵੱਧ ਸੰਭਵ ਮੁੱਲ ਤਾਰਨ ਲਈ ਵਚਨਬੱਧ ਹੈ, ਜੋ ਨੌਕਰੀਆਂ ਪੈਦਾ ਕਰਨ, ਮੌਕਿਆਂ ਨੂੰ ਵਧਾਉਣ ਅਤੇ ਸਾਰੇ ਓਂਟੇਰੀਅਨ-ਵਾਸੀਆਂ ਲਈ ਖੁਸ਼ਹਾਲੀ ਨੂੰ ਨਿਸ਼ਚਿਤ ਬਣਾਉਣ। ਸਰਕਾਰ ਅੱਗੇ ਦਿੱਤੀਆਂ ਗੱਲਾਂ ਰਾਹੀਂ ਅਜਿਹਾ ਕਰ ਰਹੀ ਹੈ:

- ਇਹ ਪੜਤਾਲ ਕਰਨੀ ਕਿ ਹਰੇਕ ਸਰਕਾਰੀ ਡਾਲਰ ਕਿਵੇਂ ਖਰਚ ਕੀਤਾ ਜਾਂਦਾ ਹੈ।
- ਬਿਹਤਰ ਚੋਣਾਂ ਕਰਨ ਅਤੇ ਨਤੀਜਿਆਂ ਵਿੱਚ ਸੁਧਾਰ ਕਰਨ ਲਈ ਸਬੂਤ ਦੀ ਵਰਤੋਂ ਕਰਨੀ।
- ਸੇਵਾਵਾਂ ਪ੍ਰਦਾਨ ਕਰਨ ਦੇ ਬਿਹਤਰੀਨ ਤਰੀਕੇ ਬਾਰੇ ਪਤਾ ਲਗਾਉਣ ਲਈ ਸਰਕਾਰ ਤੋਂ ਬਾਹਰ ਜਾ ਕੇ ਦੇਖਣਾ।
- ਪ੍ਰੋਗਰਾਮ ਬੱਚਤਾਂ ਦੇ ਮੌਕੇ ਤਲਾਸ਼ ਕਰਨ ਲਈ ਬਹੁ-ਸਾਲੀ ਪਹੁੰਚ ਅਪਨਾਉਣੀ।
- ਇਹ ਯਕੀਨੀ ਬਣਾਉਣਾ ਕਿ ਸਮੂਹਿਕ ਸੌਦੇਬਾਜੀ ਦੀ ਪ੍ਰਕਿਰਿਆ ਰਾਹੀਂ ਤੈਅ ਕਿਸੇ ਵੀ ਮਾਮੂਲੀ ਤਨਖਾਹ ਦੇ ਵਾਧੇ ਨੂੰ ਬੱਚਤਾਂ ਨਾਲ ਸੰਤੁਲਿਤ ਕੀਤਾ ਜਾਵੇ।

# 2015 ਓਨਟਾਰੀਓ ਬਜਟ

ONTARIO.CA/BUDGET
'ਤੇ ਹੋਰ ਜਾਣਕਾਰੀ ਲਵੋ

ਟੋਲ ਫ਼੍ਰੀ: 1-800-337-7222

TTY ਟੋਲ ਫ਼੍ਰੀ: 1-800-263-7776

© Queen's Printer for Ontario, 2015